ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ ਐਸ.ਏ.ਐਸ.ਨਗਰ

(ਪਾਲਿਸੀ ਸ਼ਾਖਾ)

ਸੇਵਾ ਵਿਖੇ

ਵਧੀਕ ਮੁੱਖ ਪ੍ਰਸ਼ਾਸਕ,
ਗਮਾਡਾ, ਐਸ.ਏ.ਐਸ.ਨਗਰ।

ਮਿਲਖ ਅਫਸਰ,
ਗਮਾਡਾ, ਐਸ.ਏ.ਐਸ.ਨਗਰ।

ਨੰ:ਗਮਾਡਾ (ਪਾਲਿਸੀ)/2008/ 53, 53 ਏ
ਮਿਤੀ: 2.1.09

ਵਿਸ਼ਾ:- ਅਰਬਨ ਅਸਟੇਟ ਵਿਖੇ ਉਸਾਰੇ ਗਏ ਰਿਹਾਇਸ਼ੀ ਮਕਾਨਾਂ ਅਤੇ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ/ਪੁੱਡਾ (ਹੁਣ ਗਮਾਡਾ) ਵੱਲੋਂ ਉਸਾਰੇ ਮਕਾਨਾਂ ਵਿਚ ਪ੍ਰੋਫੈਸ਼ਨਲ ਕੰਸਲਟੈਂਸੀ ਸਰਵਿਸ ਦੀ ਆਗਿਆ ਦੇਣ ਸਬੰਧੀ ਪਾਲਿਸੀ ਤਿਆਰ ਕਰਨ ਬਾਰੇ।

ਉਪਰੋਕਤ ਵਿਸ਼ੇ ਤੇ ਪੱਤਰ ਨੰ: ਪੁੱਡਾ-TPW-99/7017 ਮਿਤੀ 19-7-1999 ਅਤੇ ਪੱਤਰ ਨੰ: ਪੁੱਡਾ-TPW-00/5174-90 ਮਿਤੀ 27-4-2000 ਦੀ ਲਗਾਤਾਰਾ ਵਿਚ।

ਅਰਬਨ ਅਸਟੇਟ ਵਿਖੇ ਉਸਾਰੇ ਗਏ ਰਿਹਾਇਸ਼ੀ ਮਕਾਨਾਂ ਅਤੇ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ/ਪੁੱਡਾ (ਹੁਣ ਗਮਾਡਾ) ਵੱਲੋਂ ਉਸਾਰੇ ਮਕਾਨਾਂ ਵਿਚ ਪ੍ਰੋਫੈਸ਼ਨਲ ਕੰਸਲਟੈਂਸੀ ਸਰਵਿਸ ਦੀ ਆਗਿਆ ਦੇਣ ਸਬੰਧੀ ਪਾਲਿਸੀ ਤਿਆਰ ਕਰਨ ਬਾਰੇ ਅਜੰਡਾ ਆਈਟਮ ਨੰ: 4.06 ਮਿਤੀ 19-11-2008 ਨੂੰ ਹੋਈ ਅਥਾਰਿਟੀ ਦੀ ਮੀਟਿੰਗ ਵਿਚ ਪੇਸ਼ ਕੀਤਾ ਗਿਆ ਸੀ। ਅਥਾਰਿਟੀ ਵਲੋਂ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਹੈ:-

1. ਇਸ ਮੰਤਵ ਲਈ ਪ੍ਰਵਾਨਗੀ ਵਾਸਤੇ ਪਹਿਲੇ ਪੰਜ ਸਾਲਾਂ ਲਈ 0.50 ਲੱਖ ਰੁਪਏ ਫੀਸ ਨਿਰਧਾਰਤ ਕੀਤੀ ਗਈ ਹੈ ਅਤੇ ਇਸ ਉਪਰੰਤ ਅਗਲੇ ਪੰਜ ਸਾਲਾਂ ਲਈ ਕੁੱਲ ਫੀਸ ਦੀ 10% ਰਕਮ ਰੀਨਿਊਲ ਫੀਸ ਵਜੋਂ ਦੇਣ ਤੇ ਪ੍ਰਵਾਨਗੀ ਰੀਨਿਊ ਕੀਤੀ ਜਾਵੇਗੀ।

2. ਫੀਸ ਅਤੇ ਰੀਨਿਊਲ ਫੀਸ ਰਿਹਾਇਸ਼ੀ ਬਿਲਡਿੰਗ ਵਿਚ ਕੰਸਲਟੈਂਸੀ ਸਰਵਿਸਜ਼ ਦੀ ਆਗਿਆ ਸਬੰਧੀ ਚਿੱਠੀ-ਪੱਤਰ ਦੇਣ ਸਮੇਂ ਯਕਮੁਸ਼ਤ ਪ੍ਰਾਪਤ ਕਰਨੀ ਹੋਵੇਗੀ।

ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਜੀ।

ਅਮਲਾ ਅਫਸਰ,
ਵਾ: ਮੁੱਖ ਪ੍ਰਸ਼ਾਸਕ।

ਪਿ:ਅੰ:ਨੰ:ਗਮਾਡਾ (ਪਾਲਿਸੀ)/2008/ 54-59 ਮਿਤੀ: 2.1.09.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਪ੍ਰਸ਼ਾਸਕ, ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਐਸ.ਏ.ਐਸ.ਨਗਰ।
2. ਮੁੱਖ ਪ੍ਰਸ਼ਾਸਕ, ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਿਟੀ, ਲੁਧਿਆਣਾ।
3. ਮੁੱਖ ਪ੍ਰਸ਼ਾਸਕ, ਬਠਿੰਡਾ ਡਿਵੈਲਪਮੈਂਟ ਅਥਾਰਿਟੀ, ਬਠਿੰਡਾ।
4. ਮੁੱਖ ਪ੍ਰਸ਼ਾਸਕ, ਜਲੰਧਰ ਡਿਵੈਲਪਮੈਂਟ ਅਥਾਰਿਟੀ, ਜਲੰਧਰ।
5. ਮੁੱਖ ਪ੍ਰਸ਼ਾਸਕ, ਅੰਮ੍ਰਿਤਸਰ ਡਿਵੈਲਪਮੈਂਟ ਅਥਾਰਿਟੀ, ਅੰਮ੍ਰਿਤਸਰ।
6. ਵਧੀਕ ਮੁੱਖ ਪ੍ਰਸ਼ਾਸਕ, ਪੁੱਡਾ, ਪਟਿਆਲਾ।

ਅਮਲਾ ਅਫਸਰ,
ਵਾ: ਮੁੱਖ ਪ੍ਰਸ਼ਾਸਕ।